## ਮੇਰੀ ਜਾਣਕਾਰੀ ਗੁਪਤ ਕਿਵੇਂ ਰਹੇਗੀ?

ਜਿਹੜੀ ਜਾਣਕਾਰੀ ਤੁਸੀਂ ਮੁਲਾਕਾਤੀ ਨੂੰ ਦੇਵੋਗੇ ਗੁਪਤ ਰਹੇਗੀ ਅਤੇ ਇਸ ਨੂੰ 1993 ਦੇ ਪਰਦੇ ਵਾਲੇ ਕਨੂੰਨ ਦੇ ਅਧੀਨ ਸੰਭਾਲ ਕੇ ਰੱਖਿਆ ਜਾਂਦਾ ਹੈ। ਇਸ ਦਾ ਅਰਥ ਹੈ ਕਿ ਮੁਲਾਕਾਤੀ ਤੁਹਾਡੀ ਜਾਣਕਾਰੀ ਬਾਰੇ ਕਿਸੇ ਹੋਰ ਨਾਲ ਚਰਚਾ ਨਹੀਂ ਕਰ ਸਕਦਾ, ਅਤੇ ਕੋਈ ਵੀ ਹੋਰ ਇਸ ਦਾ ਪਤਾ ਨਹੀਂ ਲਗਾ ਸਕਦਾ ਕਿ ਤੁਸੀਂ ਸਰਵੇਖਣ ਵਿੱਚ ਹਿੱਸਾ ਲਿਆ ਹੈ। ਸਮੂਹਕ ਜਵਾਬ ਤਿਆਰ ਕਰਨ ਲਈ ਤੁਹਾਡੇ ਦੁਆਰਾ ਦਿੱਤੇ ਗਏ ਜਵਾਬ ਦੂਜੇ ਲੋਕਾਂ ਦੇ ਜਵਾਬਾਂ ਨਾਲ ਮਿਲਾ ਦਿੱਤੇ ਜਾਣਗੇ। ਉਦਾਹਰਣ ਵਜੋਂ, ਅਸੀਂ ਜਾਨਣਾ ਚਾਹੁੰਦੇ ਹਾਂ ਕਿ ਨਿਊਜ਼ੀਲੈਂਡ ਵਿੱਚ ਕਿੰਨੇ ਬੱਚੇ ਦਮੇ ਦੇ ਰੋਗੀ ਹਨ। ਕੋਈ ਵੀ ਜਾਣਕਾਰੀ ਜਿਸ ਨਾਲ ਤੁਸੀਂ ਪਛਾਣੇ ਜਾ ਸਕਦੇ ਹੋ, ਦੂਸਰੇ ਸਰਕਾਰੀ ਵਿਭਾਗਾਂ ਜਾਂ ਖੋਜੀਆਂ ਨੂੰ ਨਹੀਂ ਦਿੱਤੀ ਜਾਵੇਗੀ।

ਸਿਹਤ ਮੰਤਰਾਲਾ ਤੁਹਾਡੀ ਸਰਵੇਖਣ ਦੀ ਜਾਣਕਾਰੀ ਨੂੰ ਸਿਹਤ ਨਾਲ ਸੰਬੰਧਿਤ ਕੁਆਲਿਟੀ ਅਤੇ ਨਿਰੀਖਣ ਵਾਸਤੇ, ਪਹਿਲਾਂ ਤੋਂ ਇਕੱਠੀ ਕੀਤੀ ਗਈ ਹੋਰ ਜਾਣਕਾਰੀ, ਜਿਵੇਂ ਕਿ ਹਸਪਤਾਲ ਦੇ ਦਾਖਲਿਆਂ ਦੀ ਜਾਣਕਾਰੀ ਨਾਲ ਮਿਲਾ ਸਕਦਾ ਹੈ। ਇਹ ਕਦਮ ਸਾਨੂੰ ਸਿਹਤ ਦੇ ਜ਼ਿਆਦਾ ਗੁੰਝਲਦਾਰ ਮੁੱਦਿਆਂ ਤੇ ਨਜ਼ਰ ਮਾਰਨ ਦੀ ਇਜਾਜ਼ਤ ਦਿੰਦਾ ਹੈ। ਮੁਲਾਕਾਤ ਦੇ ਅਖੀਰ ਵਿੱਚ ਅਸੀਂ ਇਸ ਵਾਸਤੇ ਤੁਹਾਡੀ ਆਗਿਆ ਵਾਸਤੇ ਵੱਖਰੇ ਤੌਰ ਤੇ ਪੁੱਛਾਂਗੇ।

**ਤੁਹਾਡੀ ਜਾਣਕਾਰੀ ਹਮੇਸ਼ਾਂ ਗੁਪਤ ਰਹੇਗੀ।**



## ਸਰਵੇਖਣ ਦੇ ਨਤੀਜੇ ਮੈਂ ਕਿੱਥੇ ਵੇਖ ਸਕਦਾ ਹਾਂ?

ਨਿਊਜ਼ੀਲੈਂਡ ਸਿਹਤ ਸਰਵੇਖਣ ਦੇ ਨਤੀਜੇ ਸਿਹਤ ਮੰਤਰਾਲੇ ਦੀ ਵੈਬਸਾਈਟ **www.moh.govt.nz** ਉਪਰ ਪ੍ਰਕਾਸ਼ਤ ਕੀਤੇ ਜਾਣਗੇ।

## ਹੋਰ ਜਾਣਕਾਰੀ ਚਾਹੁੰਦੇ ਹੋ?

ਨਿਊਜ਼ੀਲੈਂਡ ਸਿਹਤ ਸਰਵੇਖਣ ਦੇ ਬਾਰੇ ਹੋਰ ਜਾਣਕਾਰੀ ਲਈ ਸਿਹਤ ਮੰਤਰਾਲੇ ਦੀ ਵੈਬਸਾਈਟ ਉਪਰ ਜਾਓ: **www.moh.govt.nz** ਜਾਂ ਸੀ ਬੀ ਜੀ ਹੈਲਥ ਰੀਸਰਚ ਲਿਮਟਿਡ ਨੂੰ **0800 478 783** ਉਪਰ ਫ਼ੋਨ ਕਰੋ ਜਾਂ: **www.nzhs.org.nz** ਉਪਰ ਜਾਓ।

ਸਰਵੇਖਣ ਵਿੱਚ ਹਿੱਸਾ ਲੈਣ ਤੇ ਤੁਹਾਡੇ ਅਧਿਕਾਰਾਂ ਬਾਰੇ ਜੇ ਤੁਹਾਡੇ ਕੋਈ ਸਵਾਲ ਜਾਂ ਸ਼ੰਕੇ ਹੋਣ ਤਾਂ ਤੁਸੀਂ ਮੁਫ਼ਤ ਸੇਵਾ ਵਾਸਤੇ ਇੰਡੀਪੈਂਡੈਂਟ ਹੈਲਥ ਐਂਡ ਡਿਸਅਬਲਿਟੀ ਐਡਵੋਕੇਟ ਨਾਲ ਸੰਪਰਕ ਕਰ ਸਕਦੇ ਹੋ।

ਟੈਲੀਫ਼ੋਨ: **0800 555 050**
ਈਮੇਲ: **advocacy@hdc.org.nz**

ਨਿਊਜ਼ੀਲੈਂਡ ਸਿਹਤ ਸਰਵੇਖਣ, ਮਲਟੀ-ਰਿਜ਼ਨ ਐਥਿਕਸ ਕਮੇਟੀ ਦੁਆਰਾ ਮਾਨਤਾ ਪਰਾਪਤ ਹੈ।

**ਇਸ ਕਿਤਾਬਚੇ ਨੂੰ ਪੜ੍ਹਨ ਵਾਸਤੇ ਤੁਹਾਡਾ ਧੰਨਵਾਦ।**

CBG HEALTH RESEARCH LIMITED
MINISTRY OF HEALTH
MANATŪ HAUORA
New Zealand Government
HP 5304 - Punjabi

New Zealand Health Survey

# ਨਿਊਜ਼ੀਲੈਂਡ ਸਿਹਤ ਸਰਵੇਖਣ

## ਹਿੱਸਾ ਲੈਣ ਵਾਲਿਆਂ ਲਈ ਜਾਣਕਾਰੀ

# ਨਿਊਜ਼ੀਲੈਂਡ ਸਿਹਤ ਸਰਵੇਖਣ ਕੀ ਹੈ?

**ਨਿਊਜ਼ੀਲੈਂਡ ਸਿਹਤ ਸਰਵੇਖਣ ਨਿਊਜ਼ੀਲੈਂਡ ਵਿੱਚ ਰਹਿਣ ਵਾਲਿਆਂ ਦੀ ਸਿਹਤ ਬਾਰੇ ਅਤੇ ਉਹ ਕਿਹੜੀਆਂ ਸਿਹਤ ਸੇਵਾਵਾਂ ਵਰਤਦੇ ਹਨ, ਬਾਰੇ ਜਾਣਕਾਰੀ ਇਕੱਠੀ ਕਰਦਾ ਹੈ। ਹਰ ਸਾਲ ਨਿਊਜ਼ੀਲੈਂਡ ਦੇ ਲੱਗਭੱਗ 14,000 ਪਰਵਾਰ ਸਰਵੇਖਣ ਵਿੱਚ ਹਿੱਸਾ ਲੈਂਦੇ ਹਨ।**

## ਇਹ ਸਰਵੇਖਣ ਕੌਣ ਕਰਦਾ ਹੈ?

ਸਿਹਤ ਮੰਤਰਾਲਾ ਇਕ ਕੰਪਨੀ ਜਿਸ ਦਾ ਨਾਮ ਸੀ ਬੀ ਜੀ ਹੈਲਥ ਰੀਸਰਚ ਲਿਮਟਿਡ ਹੈ, ਨੂੰ ਨਿਊਜ਼ੀਲੈਂਡ ਸਿਹਤ ਸਰਵੇਖਣ ਵਾਸਤੇ ਮੁਲਾਕਾਤਾਂ ਕਰਨ ਦਾ ਠੇਕਾ ਦਿੰਦੀ ਹੈ। ਸੀ ਬੀ ਜੀ ਹੈਲਥ ਰੀਸਰਚ ਲਿਮਟਿਡ ਇਕ ਨਿਊਜ਼ੀਲੈਂਡ ਕੰਪਨੀ ਹੈ ਜੋ ਸਰਵੇਖਣ ਕਰਨ ਵਿੱਚ ਤਜ਼ਰਬਾ ਰੱਖਦੀ ਹੈ।

## ਕਿਸ ਨੂੰ ਹਿੱਸਾ ਲੈਣ ਲਈ ਕਿਹਾ ਜਾਂਦਾ ਹੈ?

ਸਾਰੇ ਨਿਊਜ਼ੀਲੈਂਡ ਵਿੱਚੋਂ ਬੇਤਰਤੀਬੀ ਨਾਲ ਘਰਾਂ ਦੇ ਪਤੇ ਚੁਣੇ ਜਾਂਦੇ ਹਨ। ਚੁਣੇ ਗਏ ਹਰ ਘਰ ਵਿੱਚੋਂ ਇਕ ਬਾਲਗ ਅਤੇ ਇਕ ਬੱਚੇ (ਜੇਕਰ ਹੋਵੇ) ਨੂੰ ਸਰਵੇਖਣ ਵਿੱਚ ਹਿੱਸਾ ਲੈਣ ਲਈ ਬੁਲਾਇਆ ਜਾਵੇਗਾ। 15 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੀ ਤਰਫੋਂ ਮਾਪੇ ਜਾਂ ਕਾਨੂੰਨੀ ਸਰਪਰਸਤ ਨੂੰ ਸਰਵੇਖਣ ਪੂਰਾ ਕਰਨ ਲਈ ਬੁਲਾਇਆ ਜਾਵੇਗਾ।

**ਤੁਹਾਡੀ ਸਿਹਤ ਅਤੇ ਤੁਹਾਡੇ ਤਜ਼ਰਬਿਆਂ ਬਾਰੇ ਜਾਣਕਾਰੀ ਸਾਰੇ ਨਿਊਜ਼ੀਲੈਂਡ ਵਾਸੀਆਂ ਦੀ ਸਿਹਤ ਦੀ ਦੇਖਭਾਲ ਸੇਵਾ ਨੂੰ ਉਨਤ ਕਰਨ ਵਿੱਚ ਸਹਾਇਤਾ ਲਈ ਮਹੱਤਵਪੂਰਣ ਹੈ।** ਇਹ ਜਾਣਕਾਰੀ ਸਿਹਤਮੰਦ ਲੋਕਾਂ ਦੇ ਨਾਲ ਨਾਲ ਸਿਹਤ ਦੀਆਂ ਸਮੱਸਿਆਵਾਂ ਵਾਲੇ ਲੋਕਾਂ ਤੋਂ ਵੀ ਚਾਹੀਦੀ ਹੈ। ਸਿਹਤ ਮੰਤਰਾਲਾ ਮਹੱਤਵਪੂਰਣ ਸਿਹਤ ਮੁੱਦਿਆਂ ਬਾਰੇ ਪਤਾ ਲਗਾਉਣ ਲਈ ਤੁਹਾਡੀ ਸਹਾਇਤਾ ਉਤੇ ਨਿਰਭਰ ਕਰਦਾ ਹੈ।

# ਕਿਹੜੀ ਜਾਣਕਾਰੀ ਇਕੱਠੀ ਕੀਤੀ ਜਾਂਦੀ ਹੈ?

ਨਿਊਜ਼ੀਲੈਂਡ ਸਿਹਤ ਸਰਵੇਖਣ ਇਹਨਾਂ ਬਾਰੇ ਜਾਣਕਾਰੀ ਇਕੱਠੀ ਕਰਦਾ ਹੈ:

- ਆਮ ਸਿਹਤ ਅਵਸਥਾਵਾਂ ਅਤੇ ਬਿਮਾਰੀਆਂ
- ਵਰਤੀਆਂ ਗਈ ਸਿਹਤ ਸੇਵਾਵਾਂ
- ਸਾਰੇ ਨਿਊਜ਼ੀਲੈਂਡ ਵਿੱਚ ਸਿਹਤ ਤੇ ਅਸਰ ਪਾਉਣ ਵਾਲੇ ਕਾਰਣ

ਨਿਊਜ਼ੀਲੈਂਡ ਸਿਹਤ ਸਰਵੇਖਣ ਵਿੱਚਲੇ ਸਵਾਲਾਂ ਦੇ ਕੁਝ ਉਦਾਹਰਣ ਇਹ ਹਨ:

- ਕੀ ਕੋਈ ਇਹੋ ਜਿਹਾ ਸਮਾਂ ਸੀ ਜਦੋਂ ਤੁਸੀਂ ਬਿਮਾਰ ਸੀ ਪਰ ਖਰਚ ਦੇ ਡਰ ਤੋਂ ਡਾਕਟਰ ਕੋਲ ਨਹੀਂ ਗਏ?
- ਤੁਹਾਡੇ ਡਾਕਟਰ ਜਾਂ ਨਰਸ ਨੇ ਤੁਹਾਡੀ ਸਿਹਤ ਅਵਸਥਾ ਜਾਂ ਇਲਾਜ ਬਾਰੇ ਤੁਹਾਨੂੰ ਕਿੰਨੇ ਕੁ ਵਧੀਆ ਤਰੀਕੇ ਨਾਲ ਸਮਝਾਇਆ ਤਾਂ ਕਿ ਤੁਸੀਂ ਸਮਝ ਸਕੋ?
- ਕੀ ਡਾਕਟਰ ਨੇ ਤੁਹਾਨੂੰ ਦੱਸਿਆ ਹੈ ਕਿ ਤੁਹਾਡੇ ਬੱਚੇ ਨੂੰ ਦਮੇ ਦਾ ਰੋਗ ਹੈ?

ਮੁਲਾਕਾਤ ਕਰਨ ਵਾਲਾ ਤੁਹਾਨੂੰ ਕੱਦ ਅਤੇ ਭਾਰ ਮਿਣਨ ਲਈ ਵੀ ਕਹੇਗਾ। ਜੇਕਰ ਤੁਸੀਂ ਮਿਣਤੀ ਨਹੀਂ ਕਰਵਾਉਣਾ ਚਾਹੁੰਦੇ ਹੋ ਤਾਂ ਮੁਲਾਕਾਤ ਕਰਨ ਵਾਲੇ ਨੂੰ ਸਿੱਧਾ ਉਸੇ ਵੇਲੇ ਦੱਸ ਦਿਓ।

## ਇਹ ਜਾਣਕਾਰੀ ਕਿਸ ਵਾਸਤੇ ਵਰਤੀ ਜਾਏਗੀ?

ਸਿਹਤ ਮੰਤਰਾਲਾ ਨਿਊਜ਼ੀਲੈਂਡ ਸਿਹਤ ਸਰਵੇਖਣ ਦੀ ਜਾਣਕਾਰੀ ਇਸ ਲਈ ਵਰਤੇਗਾ:



- ਨਿਊਜ਼ੀਲੈਂਡ ਵਾਸੀਆਂ ਦੀ ਸਿਹਤ ਦਾ ਨਿਰੀਖਣ ਕਰਨ ਲਈ
- ਹੋਰ ਨਿਊਜ਼ੀਲੈਂਡ ਵਾਸੀਆਂ ਦੀ ਸਹਾਇਤਾ ਲਈ ਸਿਹਤ ਨੀਤੀਆਂ, ਪ੍ਰੋਗਰਾਮ ਅਤੇ ਸੇਵਾਵਾਂ ਤਿਆਰ ਕਰਨ ਲਈ
- ਸਿਹਤ ਸੇਵਾਵਾਂ ਦੀ ਵਰਤੋਂ ਦਾ ਨਿਰੀਖਣ ਕਰਨ ਲਈ
- ਹੋਰ ਸਿਹਤ ਖੋਜਾਂ ਤੇ ਧਿਆਨ ਕੇਂਦਰਤ ਕਰਨ ਲਈ

ਸਿਹਤ ਮੰਤਰਾਲੇ ਤੋਂ ਬਾਹਰਲੇ ਮਾਨਤਾ ਪਰਾਪਤ ਖੋਜ ਕਰਨ ਵਾਲੇ ਨਿਊਜ਼ੀਲੈਂਡ ਸਿਹਤ ਸਰਵੇਖਣ ਤੋਂ ਜਾਣਕਾਰੀ ਪ੍ਰਾਪਤ ਕਰਨ ਲਈ ਬੇਨਤੀ ਕਰ ਸਕਦੇ ਹਨ। ਇਸ ਜਾਣਕਾਰੀ ਵਿੱਚ ਕੋਈ ਵੀ ਵੇਰਵੇ ਇਹੋ ਜਿਹੇ ਨਹੀਂ ਹੋਣਗੇ ਜਿਸ ਨਾਲ ਤੁਹਾਨੂੰ ਪਛਾਣਿਆ ਜਾ ਸਕੇ।

## ਸਰਵੇਖਣ ਨੂੰ ਕਿੰਨਾ ਸਮਾਂ ਲੱਗੇਗਾ?

ਬਾਲਗਾਂ ਨਾਲ ਮੁਲਾਕਾਤ ਵਿੱਚ ਲੱਗਭੱਗ ਇਕ ਘੰਟਾ ਅਤੇ ਬੱਚਿਆਂ ਦੀ ਮੁਲਾਕਾਤ ਵਿੱਚ ਲੱਗਭੱਗ 30 ਮਿੰਟ ਲੱਗਣਗੇ। ਮੁਲਾਕਾਤ ਕਿਸੇ ਵੀ ਤਰੀਕ ਜਾਂ ਸਮੇਂ ਤੇ ਹੋ ਸਕਦੀ ਹੈ ਜੋ ਤੁਹਾਨੂੰ ਅਤੇ ਤੁਹਾਡੇ ਪਰਵਾਰ ਨੂੰ ਠੀਕ ਲੱਗਦਾ ਹੋਵੇ।

